# Official Spokesperson's response to a media query on Pakistan’s official remarks in response to the media report on seizure of suspected material (uranium) in Bokaro last week

June 10, 2021

# ਪਿਛਲੇ ਹਫ਼ਤੇ ਬੋਕਾਰੋ ਵਿੱਚ ਸ਼ੱਕੀ ਸਮੱਗਰੀ (ਯੂਰੇਨੀਅਮ) ਜ਼ਬਤ ਹੋਣ 'ਤੇ ਮੀਡੀਆ ਰਿਪੋਰਟ ਬਾਰੇ ਪਾਕਿਸਤਾਨ ਦੀਆਂ ਅਧਿਕਾਰਤ ਟਿਪਣੀਆਂ ਦੇ ਸਬੰਧ' ਚ ਮੀਡੀਆ ਵੱਲੋਂ ਪੁੱਛੇ ਗਏ ਸਵਾਲ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**10 ਜੂਨ, 2021**

ਪਿਛਲੇ ਹਫ਼ਤੇ ਬੋਕਾਰੋ ਵਿੱਚ ਸ਼ੱਕੀ ਸਮੱਗਰੀ (ਯੂਰੇਨੀਅਮ) ਜ਼ਬਤ ਹੋਣ 'ਤੇ ਮੀਡੀਆ ਰਿਪੋਰਟ ਬਾਰੇ ਪਾਕਿਸਤਾਨ ਦੀਆਂ ਅਧਿਕਾਰਤ ਟਿਪਣੀਆਂ ਦੇ ਸਬੰਧ 'ਚ ਮੀਡੀਆ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਨੇ ਕਿਹਾ:

"ਭਾਰਤ ਸਰਕਾਰ ਦੇ ਪਰਮਾਣੂ ਊਰਜਾ ਵਿਭਾਗ ਨੇ ਸਮੱਗਰੀ ਦੇ ਨਮੂਨੇ ਦੇ ਮੁਲਾਂਕਣ ਅਤੇ ਪ੍ਰਯੋਗਸ਼ਾਲਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਕਿਹਾ ਹੈ ਕਿ ਪਿਛਲੇ ਹਫ਼ਤੇ ਜ਼ਬਤ ਕੀਤੀ ਗਈ ਸਮੱਗਰੀ ਯੂਰੇਨੀਅਮ ਨਹੀਂ ਹੈ ਅਤੇ ਇਹ ਰੇਡੀਓਐਕਟਿਵ ਨਹੀਂ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੁਆਰਾ ਇੱਕ ਮੀਡੀਆ ਰਿਪੋਰਟ ਦੇ ਆਧਾਰ ਤੇ ਭਾਰਤ ਬਾਰੇ ਕੀਤੀ ਗਈ ਬੇਲੋੜੀ ਟਿੱਪਣੀ ਕਰਨਾ ਤੱਥਾਂ ਦੀ ਜਾਂਚ / ਤਸਦੀਕ ਕੀਤੇ ਬਿਨਾਂ ਭਾਰਤ ਨੂੰ ਬਦਨਾਮ ਕਰਨ ਦਾ ਉਸ ਦਾ ਸੁਭਾਅ ਦਰਸਾਉਂਦਾ ਹੈ।

ਮੈਂ ਮੁੜ ਤੋਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਭਾਰਤ ਅੰਤਰਰਾਸ਼ਟਰੀ ਪੱਧਰ 'ਤੇ ਨਿਯੰਤਰਿਤ ਵਸਤੂਆਂ ਲਈ ਸਖਤ ਕਾਨੂੰਨ-ਅਧਾਰਤ ਰੈਗੂਲੇਟਰੀ ਪ੍ਰਣਾਲੀ ਚਲਾਉਂਦਾ ਹੈ ਜੋ ਪਰਮਾਣੂ ਗੈਰ-ਪ੍ਰਸਾਰ ਦੇ ਮਾਮਲੇ 'ਚ ਅੰਤਰਰਾਸ਼ਟਰੀ ਬਿਰਾਦਰੀ ਵੱਲੋਂ ਸਨਮਾਨੇ ਗਏ ਸਾਡੇ ਬੇਹਤਰੀਨ ਰਿਕਾਰਡ ਰਾਹੀਂ ਝਲਕਦਾ ਹੈ। ”

ਨਵੀਂ ਦਿੱਲੀ
10 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.